**SET-3**

**Series *SGN***

ਕੋਡ ਨੰ. ***226/3***

ਰੋਲ ਨੰਬਰ | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **24** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **24** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਅਰਥਸ਼ਾਸਤ੍ਰ

## (ਪੰਜਾਬੀ ਉਲਥਾ)

# ECONOMICS

## (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 80*

*Time allowed : 3 hours* — *Maximum Marks : 80*

***ਵਿਆਪਕ ਨਿਰਦੇਸ਼:***

*(i)* *ਦੋਹਾਂ ਖੰਡਾਂ ਦੇ* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* *ਹਰ ਇਕ ਪ੍ਰਸ਼ਨ ਦੇ ਨਿਰਧਾਰਿਤ ਅੰਕ ਉਸਦੇ ਸਾਹਮਣੇ ਦਿਤੇ ਗਏ ਹਨ ।*

*(iii)* *ਪ੍ਰਸ਼ਨ ਸੰਖਿਆ* ***1 – 4*** *ਅਤੇ* ***13 – 16*** *ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦਾ* ***1*** *ਅੰਕ ਹੈ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ ਕੇਵਲ* ***ਇੱਕ ਵਾਕ*** *ਵਿਚ ਦਿਓ ।*

*(iv)* *ਪ੍ਰਸ਼ਨ ਸੰਖਿਆ* ***5 – 6*** *ਅਤੇ* ***17 – 18*** *ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***3*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***60*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ* ***7 – 9*** *ਅਤੇ* ***19 – 21*** *ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***70*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vi)* *ਪ੍ਰਸ਼ਨ ਸੰਖਿਆ* ***10 – 12*** *ਅਤੇ* ***22 – 24*** *ਵਿਆਖਿਆਤਮਕ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***100*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vii)* *ਉੱਤਰ ਸੰਖੇਪ ਅਤੇ ਢੁਕਵੇ ਹੋਣੇ ਚਾਹੀਦੇ ਹਨ ਅਤੇ ਕੋਸਿਸ਼ ਕਰੋ ਕਿ ਦਿੱਤੀ ਹੋਈ ਸੀਮਾ ਵਿੱਚ ਹੀ ਦਿੱਤੇ ਜਾਣ ।*

**ਖੰਡ ਅ**

**1.** ਹੇਠ ਲਿਖਿਆਂ ਵਿਚੋਂ ਕਿਹੜਾ ਇਕ ਵਸਤੂ ਪੂਰਤੀ ਵਕਰ ਦੇ ਖਿਸਕਣ ਦਾ ਕਾਰਨ ***ਨਹੀਂ*** ਹੈ ? (ਸਹੀ ਵਿਕਲਪ ਚੁਣੋ) *1*

(a) ਆਗਤ ਦੀ ਕੀਮਤ

(b) ਵਸਤੂ ਦੀ ਕੀਮਤ

(c) ਵਸਤੂ ਅਤੇ ਸੇਵਾ ਕਰ

(d) ਆਰਥਿਕ ਸਹਾਇਤਾ

2. ਉਤਪਾਦਨ ਦੇ ਕਿਸ ਪਧੱਰ ਤੇ ਕੁਲ ਲਾਗਤ ਅਤੇ ਕੁਲ ਸਥਿਰ ਲਾਗਤ ਬਰਾਬਰ ਹੁੰਦੇ ਹਨ ? *1*

3. ਅਵਸਰ ਲਾਗਤ ਦੀ ਪਰਿਭਾਸ਼ਾ ਲਿੱਖੋ । *1*

4. ਹੇਠ ਲਿਖਿਆਂ ਵਿਚੋਂ ਕੀਮਤ ਲੋਚ ਦਾ ਕਿਹੜਾ ਮਾਪ ਲੋਚਸ਼ੀਲ ਪੂਰਤੀ ਦਰਸ਼ਾਂਦਾ ਹੈ ? (ਸਹੀ ਵਿਕਲਪ ਚੁਣੋ) *1*

(a) 0

(b) 0·5

(c) 1·0

(d) 1·5

5. ਕਿਹੜੇ ਹਾਲਤਾਂ ਵਿਚ ਉਤਪਾਦਨ ਸੰਭਾਵਨਾ ਵਕਰ ਮੂਲ–ਬਿੰਦੁ ਤੋਂ ਖਿਸਕ ਸਕਦਾ ਹੈ ? ਸਮਝਾਓ । *3*

**ਜਾਂ**

'ਕੀ ਉਤਪਾਦਨ ਕੀਤਾ ਜਾਏ ਅਤੇ ਕਿਤਨੀ ਮਾਤਰਾ ਵਿਚ' ਦੇ ਰੂਪ ਵਿਚ ਕੇਂਦਰੀ ਸਮਸਿਆ ਦੀ ਵਿਆਖਿਆ ਕਰੋ । *3*

6. ਇਕ ਉਪਭੋਗਤਾ ₹ 20 ਪ੍ਰਤੀ ਇਕਾਈ ਦੀ ਕੀਮਤ ਤੇ ਇਕ ਵਸਤੂ ਦੀਆਂ 200 ਇਕਾਈਆਂ ਖਰੀਦਦਾ ਹੈ । ਮੰਗ ਦੀ ਕੀਮਤ ਲੋਚ (–) 2 ਹੈ । ਕਿਸ ਕੀਮਤ ਤੇ ਉਹ 300 ਇਕਾਈਆਂ ਖਰੀਦਣ ਨੂੰ ਤਿਆਰ ਹੋਏਗੀ ? ਲੇਖਾ ਕਰੋ । *3*

7. ਪੂਰਨ ਪ੍ਰਤਿਯੋਗਤਾ ਵਿਚ ਉਤਪਾਦਕ ਸੰਤੁਲਨ ਦੀਆਂ ਸ਼ਰਤਾਂ ਸਮਝਾਓ । *4*

8. ਪੂਰਨ ਪ੍ਰਤਿਯੋਗਤਾ ਵਿਚ "ਫਰਮਾਂ ਦੇ ਬਿਨਾ ਰੋਕ ਟੋਕ ਪ੍ਰਵੇਸ਼ ਅਤੇ ਛੋੜਨ ਦੀ ਆਜ਼ਾਦੀ" ਦੇ ਪ੍ਰਭਾਵ ਸਮਝਾਓ । *4*

**9.** ਜੇਕਰ ਇਕ ਉਪਭੋਗਤਾ ਦੀ ਆਮਦਨ ₹ 100 ਹੈ, ਅਤੇ ਉਹ ਦੋ ਵਸਤੂ X ਅਤੇ Y ਖਰੀਦਦਾ ਹੈ ਜਿਨਕੀ ਕੀਮਤ ਕ੍ਰਮਸ਼ ₹ 10 ਅਤੇ ₹ 5 ਹੈ । ਉਸ ਉਪਭੋਗਤਾ ਦੀ ਬਜਟ ਰੇਖਾ ਦਾ ਸਮੀਕਰਣ ਲਿਖੋ । *4*

**ਜਾਂ**

ਪ੍ਰਤਿਸਥਾਪਨ ਦੀ ਸੀਮਾਂਤ ਦਰ ਦੀ ਪਰਿਭਾਸ਼ਾ ਲਿਖੋ । ਇਕ ਅਨਧਿਮਾਨ (indifference) ਵਕਰ ਤੇ ਇਸ ਦਾ ਵਰਤਾਉ ਸਮਝਾਉ । *4*

**10.** ਘਟੋ ਘਟ ਕੀਮਤ ਸੀਮਾ ਨਿਰਧਾਰਣ ਦਾ ਅਰਥ ਸਮਝਆਓ । ਘਟੋ ਘਟ ਕੀਮਤ ਸੀਮਾਂ ਨਿਰਧਾਰਣ ਦੇ ਪ੍ਰਭਾਵ ਸਮਝਾਓ । *6*

**ਜਾਂ**

ਇਕ ਵਸਤੂ ਦਾ ਬਜਾਰ ਸੰਤੁਲਨ ਵਿਚ ਹੈ । ਵਸਤੂ ਦੀ ਮੰਗ ਵਿਚ 'ਕਮੀ' ਆਂਦੀ ਹੈ । ਇਸ ਪਰਿਵਰਤਨ ਦੇ ਲੜੀਵਾਰ ਪ੍ਰਭਾਵ ਸਮਝਾਓ । *6*

**11.** ਇਕ ਉਪਭੋਗਤਾ ਸਿਰਫ ਦੋ ਵਸਤੂਆਂ X ਅਤੇ Y ਦਾ ਉਪਭੋਗ ਕਰਦਾ ਹੈ । ਉਪਯੋਗਤਾ ਵਿਸ਼ਲੇਸ਼ਣ ਰਾਹੀਂ ਉਪਭੋਗਤਾ ਸੰਤੁਲਨ ਦੀਆਂ ਸ਼ਰਤਾਂ ਸਮਝਾਓ । *6*

**12.** ਔਸਤ ਪਰਿਵਰਤੀ ਲਾਗਤ ਵਕਰ, ਔਸਤ ਕੁਲ ਲਾਗਤ ਵਕਰ ਅਤੇ ਸੀਮਾਂਤ ਲਾਗਤ ਵਕਰ ਇਕ ਹੀ ਰੇਖਾ ਚਿੱਤਰ ਵਿਚ ਬਣਾਓ । ਸੀਮਾਂਤ ਲਾਗਤ ਵਕਰ ਅਤੇ ਔਸਤ ਪਰਿਵਰਤੀ ਲਾਗਤ ਅਤੇ ਔਸਤ ਕੁਲ ਲਾਗਤ ਵਕਰਾਂ ਦੇ ਦਰਮਿਆਨ ਸੰਬੰਧ ਦੱਸੋ । *6*

***ਨੋਟ:*** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 12 ਦੇ ਥਾਂ ਬਦਲਵਾਂ ਪ੍ਰਸ਼ਨ ਹੈ ।*

ਔਸਤ ਪਰਿਵਰਤੀ ਲਾਗਤ, ਔਸਤ ਕੁਲ ਲਾਗਤ ਅਤੇ ਸੀਮਾਂਤ ਲਾਗਤ ਦਰਸਾਂਦੇ ਹੋਏ ਇਕ ਸਾਰਣੀ ਤਿਆਰ ਕਰੋ । ਤਾਲਿਕਾ ਦੇ ਅਧਾਰ ਤੇ ਸੀਮਾਂਤ ਲਾਗਤ, ਔਸਤ ਪਰਿਵਰਤੀ ਲਾਗਤ ਅਤੇ ਔਸਤ ਕੁਲ ਲਾਗਤ ਦੇ ਦਰਮਿਆਨ ਸੰਬੰਧ ਸਮਝਾਓ । *6*

## ਖੰਡ ਬ

**13.** ਵਪਾਰਕ ਬੈਂਕਾਂ ਰਾਹੀਂ ਸਾਖ (credit) ਸਿਰਜਣ ਇਸ ਤੋਂ ਨਿਰਧਾਰਤ ਹੁੰਦਾ ਹੈ (ਸਹੀ ਵਿਕਲਪ ਚੁਣੋ) *1*

(a) ਰਾਖਵੀਂ (ਰਿਜ਼ਰਵ) ਨਕਦੀ ਰਕਮ (ਨਿਧੀ) ਅਨੁਪਾਤ (CRR)

(b) ਸੰਵਿਧਾਨਿਕ ਚਲਨਿਧੀ ਅਨੁਪਾਤ (SLR)

(c) ਮੁਢਲੀਆਂ ਜਮਾਵਾਂ

(d) ਉਪਰਲੇ ਸਾਰੇ

**14.** ਰਿਣਾਤਮਕ ਉਪਰਲੇਪਣਾਂ (ਭਾਹਰੀ ਕਾਰਣਾਂ) ਦਾ ਇਕ ਉਦਾਹਰਣ ਦਿਓ । *1*

**15.** ਸਮਗਰ (ਸੰਕਲਤ) ਆਪੂਰਤੀ ਦੀ ਪਰਿਭਾਸ਼ਾ ਲਿੱਖੋ । *1*

**16.** ਮੁਦਰਾ ਦੀ ਪੂਰਤੀ ਦੇ $M_1$ ਮਾਪ ਦੇ ਦੋ ਘਟਕਾਂ ਦੇ ਨਾਮ ਦਸੋ । *1*

**17.** ਪੂੰਜੀਗਤ ਵਸਤੂਆਂ ਦੇ ਕੀ ਅਰਥ ਹਨ ? ਉਪਭੋਗ ਵਸਤੂਆਂ ਤੋਂ ਇਹ ਕਿਵੇਂ ਵਖ ਹਨ ? *3*

**ਜਾਂ**

ਉਚਿਤ ਉਦਾਹਰਣਾਂ ਸਹਿਤ, ਸਟਾਕ ਅਤੇ ਪ੍ਰਵਾਹ ਪਰਿਵਰਤਾਂ ਦੇ ਦਰਮਿਆਨ ਅੰਤਰ ਸਪਸ਼ਟ ਕਰੋ । *3*

**18.** ਨਿਵੇਸ਼ ਗੁਣਕ ਦੀ ਪਰਿਭਾਸ਼ਾ ਦਿਓ । ਨਿਵੇਸ਼ ਗੁਣਕ ਅਤੇ ਸੀਮਾਂਤ ਉਪਭੋਗ ਪਰਿਵਰਤੀ ਦੇ ਦਰਮਿਆਨ ਸੰਬੰਧ ਸਮਝਾਓ । *3*

**19.** ਕਿਸੇ ਅਰਥਵਿਵਸਥਾ ਵਿਚ ਪੂਰਨ ਰੋਜ਼ਗਾਰ ਦੀ ਪਰਿਭਾਸ਼ਾ ਦਿਓ । ਪੂਰਨ ਰੋਜ਼ਗਾਰ ਆਮਦਨ ਦੇ ਪੱਧਰ ਉਪਰ ਸਮਗਰ ਮੰਗ ਅਤੇ ਸਮਗਰ ਪੂਰਤੀ ਤੋਂ ਵਧ ਹੋਣ ਦੀ ਸਥਿਤੀ ਦੀ ਚਰਚਾ ਕਰੋ । *4*

**ਜਾਂ**

ਆਮਦਨ ਦੇ ਸੰਤੁਲਨ ਸਤਰ ਦਾ ਨਿਰਧਾਰਨ ਕਰਨ ਵਾਲੇ ਦੋ ਵਿਕਲਪਿਤ ਤਰੀਕੇ ਕਿਹੜੇ ਹਨ ? ਇਨ੍ਹਾਂ ਦਾ ਆਪਸ ਵਿਚ ਕੀ ਸੰਬੰਧ ਹੈ ? *4*

**20.** ਪ੍ਰਤਯਾਸ਼ਿਤ (ex-Ante) ਉਪਭੋਗ ਤੋਂ ਕੀ ਭਾਵ ਹੈ ? ਖੁਦਮੁਖਤਾਰ (ਸਵਾਯਤ) ਉਪਭੋਗ ਅਤੇ ਪ੍ਰੇਰਿਤ ਉਪਭੋਗ ਦੇ ਦਰਮਿਆਨ ਅੰਤਰ ਦੱਸੋ । *4*

**21.** ਮੌਦਰਿਕ ਨੀਤੀ ਤੋਂ ਕੀ ਭਾਵ ਹੈ ? ਮੌਦਰਿਕ ਨੀਤੀ ਦੇ ਕੋਈ ਤਿੰਨ ਉਪਕਰਣ ਦੱਸੋ । *4*

**22.** (a) ਪ੍ਰਚਾਲਨ ਵਾਧੂ (ਅਧਿਸ਼ੇਸ਼), ਅਤੇ (b) ਘਰੇਲੂ ਆਮਦਨ ਦਾ ਲੇਖਾ ਕਰੋ : *6*

*(₹ ਕਰੋੜਾਂ ਵਿਚ)*

| | | |
|---|---|---|
| (i) | ਕਰਮਚਾਰੀਆ ਦਾ ਮਿਹਨਤਾਨਾ | 2,000 |
| (ii) | ਕਿਰਾਇਆ ਅਤੇ ਵਿਆਜ | 800 |
| (iii) | ਅਪ੍ਰਤੱਖ ਕਰ | 120 |
| (iv) | ਨਿਗਮ ਕਰ | 460 |
| (v) | ਅਚਲ ਪੂੰਜੀ ਦਾ ਉਪਭੋਗ | 100 |
| (vi) | ਆਰਥਿਕ ਸਹਾਇਤਾ | 20 |
| (vii) | ਲਾਭ ਅੰਸ਼ | 940 |
| (viii) | ਅਣਵੰਡਿਆ ਲਾਭ | 300 |
| (ix) | ਵਿਦੇਸ਼ਾਂ ਨੂੰ ਨਿਵਲ ਕਾਰਕ ਆਮਦਨ | 150 |
| (x) | ਮਿਸ਼ਰਤ ਆਮਦਨ | 200 |

**23.** ਸਰਕਾਰੀ ਬਜਟ ਤੋਂ ਕੀ ਭਾਵ ਹੈ ? ਇਸਦੇ ਪ੍ਰਮੁਖ ਘਟਕ ਸਮਝਾਓ । *6*

**ਜਾਂ**

ਸਰਕਾਰੀ ਬਜਟ ਦੇ (a) ਸਾਧਨਾਂ ਦੀ ਵੰਡ ਅਤੇ (b) ਆਰਥਿਕ ਸਥਿਰਤਾ ਉਦੇਸ਼ ਸਮਝਾਓ । *6*

**24.** ਹੇਠ ਲਿਖਿਆਂ ਦਾ ਅਰਥ ਸੰਖੇਪ ਵਿਚ ਵਿਵੇਚਨ ਕਰੋ : *6*

(i) ਨਿਯਤ ਵਿਨਿਮੇ ਦਰ

(ii) ਲਚੀਲੀ (ਘਟ) ਵਿਨਿਮੇ ਦਰ

(iii) ਪ੍ਰਬੰਧਿਤ ਤਿਰਤੀ ਵਿਨਿਮੇ ਦਰ